

# ਇਮਪਲੌਇਮੈਂਟ ਸਟੈਂਡਰਡਜ਼ ਐਕਟ

# ਤੱਥ ਸ਼ੀਟ

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਇਮਪਲੌਇਮੈਂਟ ਸਟੈਂਡਰਡਜ਼ ਐਕਟ ਅਤੇ ਰੈਗੂਲੇਸ਼ਨ ਦੇਖੋ।

ਨਵੰਬਰ 2002

# ਕੰਮ ਦੇ ਘੰਟੇ ਅਤੇ ਓਵਰਟਾਈਮ

## Hours of Work and Overtime

**ਇਹ ਤੱਥ ਸ਼ੀਟ ਕੰਮ ਦੇ ਘੰਟਿਆਂ ਅਤੇ ਓਵਰਟਾਈਮ ਦੇ ਨਿਯਮਾਂ ਬਾਰੇ ਦੱਸਦੀ ਹੈ ਜੋ ਕਿ 30 ਨਵੰਬਰ, 2002 ਤੋਂ ਲਾਗੂ ਹਨ।**

**ਇਹ ਤੱਥ ਸ਼ੀਟ ਉਨ੍ਹਾਂ ਆਮ ਨਿਯਮਾਂ ਬਾਰੇ ਦੱਸਦੀ ਹੈ ਜਿਹੜੇ ਬ੍ਰਿਟਿਸ਼ ਕੋਲੰਬੀਆ ਵਿਚ ਬਹੁਤੇ ਮੁਲਾਜ਼ਮਾਂ ਤੇ ਲਾਗੂ ਹੁੰਦੇ ਹਨ। ਕੁਝ ਇੰਡਸਟਰੀਆਂ ਵਿਚਲੇ ਮੁਲਾਜ਼ਮਾਂ ਲਈ ਓਵਰਟਾਈਮ ਦੇ ਖਾਸ ਨਿਯਮ ਵੀ ਹਨ। ਉਨ੍ਹਾਂ ਖਾਸ ਨਿਯਮਾਂ ਬਾਰੇ ਜਾਣਕਾਰੀ ਇਮਪਲੌਇਮੈਂਟ ਸਟੈਂਡਰਡਜ਼ ਆਫਿਸ ਤੋਂ ਜਾਂ www.labour.gov.bc.ca/esb ਤੇ ਇੰਟਰਨੈਟ ਤੋਂ ਮਿਲ ਸਕਦੀ ਹੈ।**

### ਖਾਣੇ ਦੀ ਛੁੱਟੀ

ਕੋਈ ਮੁਲਾਜ਼ਮ 30 ਮਿੰਟ ਲਈ ਖਾਣੇ ਦੀ ਛੁੱਟੀ ਕੀਤੇ ਬਿਨਾਂ ਪੰਜ ਘੰਟਿਆਂ ਤੋਂ ਜ਼ਿਆਦਾ ਸਮੇਂ ਲਈ ਲਗਾਤਾਰ ਕੰਮ ਨਹੀਂ ਕਰ ਸਕਦਾ।

ਕਿਸੇ ਵੀ ਮੁਲਾਜ਼ਮ ਨੂੰ ਖਾਣੇ ਦੀ ਛੁੱਟੀ ਦੀ ਤਨਖਾਹ ਦੇਣਾ ਜ਼ਰੂਰੀ ਨਹੀਂ ਹੈ, ਜੇ ਉਸ ਤੋਂ ਖਾਣੇ ਦੀ ਛੁੱਟੀ ਦੌਰਾਨ ਕੰਮ ਨਹੀਂ ਕਰਾਇਆ ਜਾਂਦਾ।

ਮਾਲਕਾਂ (ਇਮਪਲੌਇਅਰਜ਼) ਤੋਂ ਕਾਫੀ ਪੀਣ ਦੀ ਛੁੱਟੀ ਦੇਣ ਦੀ ਮੰਗ ਨਹੀਂ ਕੀਤੀ ਜਾਂਦੀ।

### ਟੁੱਟਵੀਆਂ ਸ਼ਿਫਟਾਂ

ਟੁੱਟਵੀਂ ਸ਼ਿਫਟ, ਸ਼ਿਫਟ ਸ਼ੁਰੂ ਹੋਣ ਤੋਂ ਬਾਅਦ 12 ਘੰਟਿਆਂ ਦੇ ਵਿਚ ਵਿਚ ਪੂਰੀ ਹੋਣੀ ਜ਼ਰੂਰੀ ਹੈ।

### ਘੱਟੋ ਘੱਟ ਰੋਜ਼ਾਨਾ ਤਨਖਾਹ

- ਜਦੋਂ ਕੋਈ ਮੁਲਾਜ਼ਮ ਕੰਮ ਤੇ ਆਉਂਦਾ ਹੈ ਤਾਂ ਉਸ ਨੂੰ ਘੱਟੋ ਘੱਟ ਦੋ ਘੰਟੇ ਦੀ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ ਭਾਵੇਂ ਮੁਲਾਜ਼ਮ ਨੇ ਕੰਮ ਦੋ ਘੰਟੇ ਤੋਂ ਘੱਟ ਹੀ ਕੀਤਾ ਹੋਵੇ।
- ਜਦੋਂ ਕੋਈ ਮੁਲਾਜ਼ਮ ਅੱਠ ਘੰਟਿਆਂ ਤੋਂ ਜ਼ਿਆਦਾ ਸਮੇਂ ਦੇ ਕੰਮ ਲਈ ਕੰਮ ਤੇ ਆਉਂਦਾ ਹੈ ਤਾਂ ਮੁਲਾਜ਼ਮ ਨੂੰ ਘੱਟੋ ਘੱਟ ਚਾਰ ਘੰਟਿਆਂ ਦੀ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ।
- ਜੇ ਕੰਮ ਕਿਸੇ ਅਜਿਹੇ ਕਾਰਨ ਕਰਕੇ ਰੁਕ ਜਾਂਦਾ ਹੈ ਜਿਸ ਤੇ ਮਾਲਕ ਦਾ ਬਿਲਕੁਲ ਕੋਈ ਕੰਟਰੋਲ ਨਹੀਂ ਹੈ ਤਾਂ ਮੁਲਾਜ਼ਮ ਨੂੰ ਦੋ ਘੰਟਿਆਂ ਦੀ ਤਨਖਾਹ ਜਾਂ ਕੀਤੇ ਘੰਟਿਆਂ ਦੀ ਤਨਖਾਹ ਜ਼ਰੂਰ ਮਿਲਣੀ ਚਾਹੀਦੀ ਹੈ ਜਿਹੜਾ ਜ਼ਿਆਦਾ ਹੋਵੇ।
- ਜੇ ਕੋਈ ਮੁਲਾਜ਼ਮ ਕੰਮ ਤੇ ਆਉਂਦਾ ਹੈ ਪਰ ਕੰਮ ਕਰਨ ਦੇ ਯੋਗ ਨਹੀਂ ਹੈ ਤਾਂ ਉਸ ਨੂੰ ਸਿਰਫ ਉਸ ਸਮੇਂ ਦੀ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ ਜਿੰਨਾ ਸਮਾਂ ਉਸ ਨੇ ਕੰਮ ਕੀਤਾ ਹੈ।
- ਜਿਹੜਾ ਮੁਲਾਜ਼ਮ ਡਬਲਯੂ ਸੀ ਬੀ ਦੇ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਅਧੀਨ ਨਹੀਂ ਹੈ, ਉਸ ਨੂੰ ਸਿਰਫ ਕੀਤੇ ਕੰਮ ਦੇ ਸਮੇਂ ਦੀ ਹੀ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ।

### ਕੰਮ ਤੋਂ ਮੁਕਤ ਘੰਟੇ

ਕਿਸੇ ਮੁਲਾਜ਼ਮ ਨੂੰ ਹਰ ਹਫਤੇ ਲਗਾਤਾਰ ਘੱਟੋ ਘੱਟ 32 ਘੰਟੇ ਕੰਮ ਤੋਂ ਮੁਕਤੀ ਦੇ ਜ਼ਰੂਰ ਮਿਲਣੇ ਚਾਹੀਦੇ ਹਨ। ਜੇ ਕੋਈ ਮੁਲਾਜ਼ਮ ਇਸ ਸਮੇਂ ਦੌਰਾਨ ਕੰਮ ਕਰਦਾ ਹੈ ਤਾਂ ਕੀਤੇ ਕੰਮ ਦੇ ਸਾਰੇ ਘੰਟਿਆਂ ਲਈ ਉਸ ਨੂੰ ਡੇਢ ਗੁਣਾ ਪੈਸੇ ਮਿਲਣੇ ਚਾਹੀਦੇ ਹਨ।

ਜੇ ਕੰਮ ਕਰਨ ਦੀ ਕੋਈ ਐਮਰਜੰਸੀ ਨਹੀਂ ਹੈ ਤਾਂ ਮੁਲਾਜ਼ਮ ਸ਼ਿਫਟਾਂ ਵਿਚਕਾਰ ਅੱਠ ਘੰਟਿਆਂ ਦੇ ਆਰਾਮ ਦਾ ਵੀ ਹੱਕਦਾਰ ਹੈ।

### ਬਹੁਤ ਜ਼ਿਆਦਾ ਘੰਟੇ ਨਹੀਂ

ਕਿਸੇ ਵੀ ਮਾਲਕ ਨੂੰ ਮੁਲਾਜ਼ਮ ਤੋਂ ਇਹ ਮੰਗ ਨਹੀਂ ਕਰਨੀ ਚਾਹੀਦੀ ਕਿ ਉਹ ਬਹੁਤ ਜ਼ਿਆਦਾ ਘੰਟੇ ਕੰਮ ਕਰੇ ਜਾਂ ਜ਼ਿਆਦਾ ਕੰਮ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਜਿਹੜਾ ਕਿ ਮੁਲਾਜ਼ਮ ਦੀ ਸਿਹਤ ਜਾਂ ਸੁਰੱਖਿਆ ਲਈ ਨੁਕਸਾਨਦੇਹ ਹੋਵੇ।

*ਜਾਰੀ...*

BRITISH COLUMBIA

**Ministry of Skills Development and Labour**

Employment Standards Branch

**FOR MORE INFORMATION**:
**Call**: 1-800-663-3316, 612-4100 in Prince George
**Fax**: (250) 612-4121
**Website:** www.labour.gov.bc.ca/esb

[Punjabi]

## ਓਵਰਟਾਈਮ

### ਰੋਜ਼ਾਨਾ ਓਵਰਟਾਈਮ

ਦਿਨ ਵਿਚ ਅੱਠ ਘੰਟੇ ਕੰਮ ਕਰਨ ਤੋਂ ਬਾਅਦ, ਅਗਲੇ ਚਾਰ ਘੰਟੇ ਕੀਤੇ ਕੰਮ ਲਈ ਮੁਲਾਜ਼ਮ ਨੂੰ ਡੇਢ ਗੁਣਾ ਪੈਸੇ ਦਿੱਤੇ ਜਾਣੇ ਜ਼ਰੂਰੀ ਹਨ, ਅਤੇ ਦਿਨ ਵਿਚ 12 ਘੰਟਿਆਂ ਤੋਂ ਵਾਧੂ ਕੀਤੇ ਕੰਮ ਲਈ ਦੁੱਗਣੇ ਪੈਸੇ ਦਿੱਤੇ ਜਾਣੇ ਜ਼ਰੂਰੀ ਹਨ।

### ਹਫਤਾਵਾਰ ਓਵਰਟਾਈਮ

- ਜੇ ਕੋਈ ਮੁਲਾਜ਼ਮ ਇਕ ਹਫਤੇ ਵਿਚ 40 ਘੰਟਿਆਂ ਤੋਂ ਜ਼ਿਆਦਾ ਕੰਮ ਕਰਦਾ ਹੈ ਤਾਂ 40 ਘੰਟਿਆਂ ਤੋਂ ਬਾਅਦ ਦੇ ਸਮੇਂ ਲਈ ਉਸ ਨੂੰ ਡੇਢ ਗੁਣਾ ਪੈਸੇ ਦਿੱਤੇ ਜਾਣੇ ਜ਼ਰੂਰੀ ਹਨ।

- ਹਫਤਾਵਾਰ ਓਵਰਟਾਈਮ ਲਈ ਕੁੱਲ ਘੰਟਿਆਂ ਦਾ ਹਿਸਾਬ ਲਾਉਣ ਲਈ ਹਰ ਦਿਨ ਕੀਤੇ ਕੰਮ ਦੇ ਕੇਵਲ ਪਹਿਲੇ ਅੱਠ ਘੰਟੇ ਹੀ ਵਰਤੇ ਜਾ ਸਕਦੇ ਹਨ।

  ਉਦਾਹਰਣ ਲਈ, ਜੇ ਕੋਈ ਮੁਲਾਜ਼ਮ ਇਕ ਹਫਤੇ ਵਿਚ ਛੇ ਦਿਨ ਗਿਆਰਾਂ ਗਿਆਰਾਂ ਘੰਟੇ ਕੰਮ ਕਰਦਾ ਹੈ ਤਾਂ ਉਸ ਨੂੰ 18 ਘੰਟੇ ਰੋਜ਼ਾਨਾ ਓਵਰਟਾਈਮ ਦੇ ਅਤੇ ਅੱਠ ਘੰਟੇ ਹਫਤਾਵਾਰ ਓਵਰਟਾਈਮ ਦੇ ਡੇਢ ਗੁਣਾ ਪੈਸੇ ਮਿਲਣੇ ਚਾਹੀਦੇ ਹਨ।

- ਓਵਰਟਾਈਮ ਦਾ ਹਿਸਾਬ ਲਾਉਣ ਦੇ ਮੰਤਵਾਂ ਲਈ ਹਫਤਾ ਐਤਵਾਰ ਤੋਂ ਸ਼ੁਰੂ ਹੋ ਕੇ ਛਨਿਚਰਵਾਰ ਤੱਕ ਬਣਦਾ ਹੈ।

### ਐਵਰਿਜਿੰਗ ਐਗਰੀਮੈਂਟਸ ਅਧੀਨ ਕੰਮ ਕਰਦੇ ਮੁਲਾਜ਼ਮਾਂ ਲਈ ਓਵਰਟਾਈਮ

ਇਸ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਐਵਰਿਜਿੰਗ ਐਗਰੀਮੈਂਟਸ ਬਾਰੇ ਸਾਡੀ ਤੱਥਸ਼ੀਟ ਦੇਖੋ।

### ਓਵਰਟਾਈਮ ਦੇ ਖਾਸ ਨਿਯਮ

ਬ੍ਰਿਟਿਸ਼ ਕੋਲੰਬੀਆ ਵਿਚਲੀਆਂ ਇੰਡਸਟਰੀਆਂ ਦੇ ਕੁਝ ਖਾਸ ਮੁਲਾਜ਼ਮਾਂ ਤੇ ਖਾਸ ਨਿਯਮ ਲਾਗੂ ਹੁੰਦੇ ਹਨ। ਇਸ ਵਿਚ ਖੇਤੀਬਾੜੀ, ਟ੍ਰਾਂਸਪੋਰਟੇਸ਼ਨ, ਤੇਲ ਅਤੇ ਗੈਸ ਦੀ ਖੋਜ, ਰੁੱਖ-ਪਾਲਣ ਅਤੇ ਹਾਈ ਟੈਕਨੋਲੋਜੀ ਸ਼ਾਮਲ ਹਨ। ਖਾਸ ਨਿਯਮਾਂ ਬਾਰੇ ਤੱਥਸ਼ੀਟਾਂ ਇਮਪਲੌਏਮੈਂਟ ਸਟੈਂਡਰਡਜ਼ ਆਫਿਸ ਦੇ ਕਿਸੇ ਵੀ ਦਫਤਰ ਜਾਂ www.labour.gov.bc.ca/esb ਤੇ ਇੰਟਰਨੈਟ ਤੋਂ ਮਿਲ ਸਕਦੀਆਂ ਹਨ।

### ਬੈਂਕਿੰਗ ਓਵਰਟਾਈਮ

- ਕਿਸੇ ਮੁਲਾਜ਼ਮ ਦੀ ਲਿਖਤੀ ਬੇਨਤੀ ਤੇ, ਕੋਈ ਮਾਲਕ ਟਾਈਮ ਬੈਂਕ ਕਾਇਮ ਕਰ ਸਕਦਾ ਹੈ ਅਤੇ ਮੁਲਾਜ਼ਮ ਦੇ ਓਵਰਟਾਈਮ ਦੀਆਂ ਤਨਖਾਹਾਂ ਨਾਲੋ ਨਾਲ ਦੇਣ ਦੀ ਬਜਾਏ ਇਸ ਬੈਂਕ ਵਿਚ ਜਮ੍ਹਾਂ ਕਰ ਸਕਦਾ ਹੈ।

- ਕੋਈ ਵੀ ਮੁਲਾਜ਼ਮ, ਕਿਸੇ ਵੇਲੇ ਵੀ ਮਾਲਕ ਨੂੰ ਇਹ ਕਹਿ ਸਕਦਾ ਹੈ ਕਿ ਉਸ ਦੀਆਂ ਬੈਂਕ ਵਿਚਲੀਆਂ ਤਨਖਾਹਾਂ ਉਸ ਨੂੰ ਦੇ ਦਿੱਤੀਆਂ ਜਾਣ ਜਾਂ ਇਸ ਦਾ ਕੁਝ ਹਿੱਸਾ ਦੇ ਦਿੱਤਾ ਜਾਵੇ। ਮੁਲਾਜ਼ਮ ਆਪਸੀ ਸਹਿਮਤੀ ਨਾਲ ਤਨਖਾਹ ਸਮੇਤ ਛੁੱਟੀ ਲਈ ਬੇਨਤੀ ਵੀ ਕਰ ਸਕਦਾ ਹੈ, ਜਾਂ ਲਿਖਤੀ ਰੂਪ ਵਿਚ ਬੈਂਕ ਬੰਦ ਕਰਨ ਲਈ ਵੀ ਕਹਿ ਸਕਦਾ ਹੈ। ਕੰਮ ਤੋਂ ਹਟਣ, ਜਾਂ ਮੁਲਾਜ਼ਮ ਵਲੋਂ ਬੈਂਕ ਬੰਦ ਕਰਨ ਦੀ ਬੇਨਤੀ ਮਿਲਣ ਤੇ, ਮਾਲਕ ਨੂੰ ਬਾਕੀ ਰਹਿੰਦੇ ਪੈਸੇ ਮੁਲਾਜ਼ਮ ਨੂੰ ਜ਼ਰੂਰ ਦੇਣੇ ਪੈਣਗੇ।

- ਜਮ੍ਹਾਂ ਹੋਈਆਂ ਸਾਰੀਆਂ ਤਨਖਾਹਾਂ ਮੁਲਾਜ਼ਮ ਨੂੰ ਛੇ ਮਹੀਨਿਆਂ ਵਿਚ ਜ਼ਰੂਰ ਕਢਾਉਣੀਆਂ ਪੈਣਗੀਆਂ ਜਾਂ ਮਾਲਕ ਵਲੋਂ ਦਿੱਤੀਆਂ ਜਾਣਗੀਆਂ।

- ਵਰਤਿਆ ਗਿਆ ਓਵਰਟਾਈਮ ਜਾਂ ਦਿੱਤਾ ਗਿਆ ਓਵਰਟਾਈਮ ਜ਼ਰੂਰ ਹੀ ਕਮਾਏ ਗਏ ਰੇਟ ਤੇ ਵਰਤਿਆ ਜਾਂ ਦਿੱਤਾ ਜਾਣਾ ਚਾਹੀਦਾ ਹੈ। ਉਦਾਹਰਣ ਲਈ, ਜੇ ਕਿਸੇ ਮੁਲਾਜ਼ਮ ਨੇ ਦੋ ਘੰਟੇ ਡੇਢ ਗੁਣਾ ਰੇਟ ਤੇ ਜਮ੍ਹਾਂ ਕੀਤੇ ਹਨ ਤਾਂ ਉਹ ਤਿੰਨ ਘੰਟੇ ਕੰਮ ਤੋਂ ਛੁੱਟੀ ਜਾਂ ਤਿੰਨ ਘੰਟਿਆਂ ਦੀ ਤਨਖਾਹ ਦਾ ਹੱਕਦਾਰ ਹੈ।

- ਜੇ ਕਈ ਮੁਲਾਜ਼ਮਾਂ ਦੀਆਂ ਟਾਈਮ ਬੈਂਕਾਂ ਹਨ ਤਾਂ ਮਾਲਕ ਜਮ੍ਹਾਂ ਹੋਏ ਸਮੇਂ ਦੇ ਪੈਸੇ ਦੇਣ ਲਈ ਇਕ ਤਰੀਕ ਨਿਸ਼ਚਤ ਕਰ ਸਕਦਾ ਹੈ ਪਰ ਸਾਰੀਆਂ ਤਨਖਾਹਾਂ ਕਮਾਏ ਸਮੇਂ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਦਿੱਤੀਆਂ ਜਾਣੀਆਂ ਜ਼ਰੂਰੀ ਹਨ।